This question paper contains 4 printed pages]

*Your Roll No.*...............

**387**

**B.A. (PROGRAMME)/II** **J**

**(R)**

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਕਾਹਨੂੰ ਕਿਸੇ ਦੀ ਚੋਪੜੀ ਵੇਖ ਤਰਸੇਂ,
ਸੁੱਕੀ ਜਾਣ ਆਪਣੀ ਅੰਮ੍ਰਿਤਧਾਰ ਰੋਟੀ ।
ਕਰਕੇ ਹੱਕ ਹਲਾਲ ਦੀ ਖਾਏ ਜਿਹੜਾ,

ਖੋਹਲੇ ਓਸ ਤੇ ਰੱਬ ਇਸਰਾਰ ਰੋਟੀ ।
ਅੰਨ ਧਨ ਦੀ ਓਸ ਘਰ ਵਰ੍ਹੇ ਰੀਂਗਾ,
ਜਿਹੜਾ ਰਖਦਾ ਸਾਂਭ ਸਵਾਰ ਰੋਟੀ ।
ਰੱਬ ਝੱਬ ਨਿਆਦਰੀ ਕਰੇ ਉਹਦੀ,
ਗੰਦੀ ਥਾਂ ਜੋ ਸੁਟੇ ਗਵਾਰ ਰੋਟੀ ।
ਖਾਣੇ ਲੱਖ ਪ੍ਰਕਾਰ ਦੇ ਹੈਨ ਭਾਵੇ,
ਪਰ ਸਭ ਦੀ ਬਣੀ ਸਰਦਾਰ ਰੋਟੀ ।

(ਅ) ਜਿੰਦ ਜਿ ਢਹਿੰਦੀ ਖੇੜਿਓਂ ਢੈ ਪੈਂਦੀ ਦੇਹ ਨਾਲ,
ਜਿੰਦੜੀ ਹੈ ਜਿਉਂ ਆਸਰਾ ਇਸ ਦੇਹੀ ਦਾ ਲਾਲ ।
ਤਿਉਂ ਖੇੜਾ ਹੈ ਆਸਰਾ, ਇਸ ਜਿੰਦੜੀ ਦਾ ਮਾਲ,
ਖੇੜਾ ਜਿੰਦੜੀ ਇਕ ਹਨ ਇਕ ਦੁਹਾਂ ਦੀ ਚਾਲ ।

(ੲ) ਵਿਸ਼ਵ-ਜੋਤ ਦੇ ਖਿਲਾਰ
ਦਿਨ ਰਾਤ ਦੇ ਪਿਆਰ,
ਚੰਦ ਤਾਰਿਆਂ ਦੇ ਰਸ 'ਚ ਘੁਲ ਰਹੇ ਹਜ਼ਾਰ ਰੰਗ,
ਸ਼ਿਵ-ਅਕਾਸ਼ ਦੇ ਮਹਾਨ ਨੇਤ੍ਰਾਂ 'ਚੋਂ ਵਗਦੀ ਰੰਗ ।
ਹੇ ਚਿੰਤਨ, ਹੇ ਉਸ਼ੇ, ਹੇ ਸੂਰਜਾਂ ਦੇ ਰੱਥ-ਸਵਾਰ,
ਮੇਟ ਮੇਰੇ ਅੰਧਕਾਰ ।

**ਜਾਂ**

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਦੋ** ਕਵਿਤਾਵਾਂ ਦੇ ਵਿਸ਼ੇ ਬਾਰੇ ਲਿਖੋ :

(*i*) "ਅੰਨਦਾਤਾ" – ਅੰਮ੍ਰਿਤਾ ਪ੍ਰੀਤਮ;

(*ii*) "ਰਾਧਾ ਸੰਦੇਸ਼" – ਧਨੀਰਾਮ ਚਾਤ੍ਰਿਕ;

(*iii*) "ਚੀਕ ਬੁਲਬੁਲੀ" – ਮੋਹਨ ਸਿੰਘ ਮੀਸ਼ਾ;

(*iv*) "ਕਦੋਂ ਚਾਹਿਆ ਸੀ" – ਜਗਤਾਰ ਢਾਅ । 15

2. "ਹਰਚਰਨ ਸਿੰਘ ਦਾ ਨਾਟਕ "ਕਲ੍ਹ ਅੱਜ ਤੇ ਭਲਕ" ਪੇਂਡੂ ਵਾਤਾਵਰਨ ਨਾਲ ਸੰਬੰਧਤ ਹੈ ।" ਚਰਚਾ ਕਰੋ ।

ਜਾਂ

"ਹਰਚਰਨ ਸਿੰਘ ਦਾ ਨਾਟਕ "ਕਲ੍ਹ ਅੱਜ ਤੇ ਭਲਕ" ਰਾਜਨੀਤੀ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਪਰਦਾਫ਼ਾਸ਼ ਕਰਦਾ ਹੈ । ਇਸ ਨਾਲ ਤੁਸੀਂ ਕਿੰਨੇ ਕੁ ਸਹਿਮਤ ਹੋ ? ਆਪਣੇ ਵਿਚਾਰਾਂ ਨੂੰ ਨਾਟਕ ਵਿਚੋਂ ਉਦਾਹਰਣਾਂ ਦੇ ਕੇ ਸਪੱਸ਼ਟ ਕਰੋ । 15

3. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਤੇ ਢੁਕਵਾਂ ਸਿਰਲੇਖ ਵੀ ਦਿਉ :

"ਸਮੇਂ ਦੀ ਪਾਬੰਦੀ ਦੀ ਵੀ ਸਾਡੀ ਆਪਣੀ ਹੀ ਪਰਿਭਾਸ਼ਾ ਹੈ । ਕਦੇ ਵੀ ਕੋਈ ਵਡਾ ਲੀਡਰ ਕਿਸੇ ਸਮਾਗਮ ਦਾ ਉਦਘਾਟਨ ਕਰਨ ਲਈ ਜਾਂ ਪ੍ਰਧਾਨਗੀ ਕਰਨ ਲਈ ਸਮੇਂ ਸਿਰ ਨਹੀਂ ਪਹੁੰਚਦਾ, ਹਜ਼ਾਰਾਂ ਹੀ ਬੰਦੇ ਕਈ ਕਈ ਘੰਟੇ ਉਸ ਦੀ ਉਡੀਕ ਕਰਦੇ ਰਹਿੰਦੇ ਹਨ, ਕਿੰਨਾ ਸਮਾਂ ਨਸ਼ਟ ਹੁੰਦਾ ਹੈ ਅਸੀਂ ਕਦੇ ਇਸ ਦੀ ਚਿੰਤਾ ਨਹੀਂ ਕੀਤੀ । ਖੂਬੀ ਇਹ ਵੀ ਹੈ ਕਿ ਦੋ ਘੰਟੇ ਲੇਟ ਆਉਣ ਤੋਂ ਬਾਅਦ ਵੀ ਸਾਡੇ ਮੁਖ ਮਹਿਮਾਨ ਕਦੇ ਖਿਮਾ ਨਹੀਂ ਮੰਗਦੇ ਨਾ ਹੀ ਉਨ੍ਹਾਂ ਨੂੰ ਲੇਟ ਆਉਣ ਤੇ ਕਦੇ ਸ਼ਰਮ ਮਹਿਸੂਸ ਹੁੰਦੀ ਹੈ, ਲੇਟ ਆਉਣ ਨੂੰ ਉਹ ਆਪਣਾ ਅਧਿਕਾਰ ਅਤੇ ਵਡਿਆਈ ਸਮਝਦੇ ਹਨ ।

ਸਾਡੇ ਸਾਰੇ ਸਮਾਗਮ ਚਾਹੇ ਉਹ ਸਰਕਾਰੀ ਹੋਣ ਜਾਂ ਗ਼ੈਰ ਸਰਕਾਰੀ, ਧਾਰਮਿਕ ਹੋਣ ਜਾਂ ਸਮਾਜਕ ਹਮੇਸ਼ਾ ਲੇਟ ਸ਼ੁਰੂ ਹੁੰਦੇ ਹਨ । ਸ਼ੁਰੂ ਹੋਣ ਤੋਂ ਇਲਾਵਾ ਉਨ੍ਹਾਂ ਦੇ ਖ਼ਤਮ ਹੋਣ ਦਾ ਕਦੇ ਵੀ ਪਤਾ ਨਹੀਂ ਹੁੰਦਾ । ਇਕਤਰਤਾਵਾਂ ਦੇ ਸ਼ੁਰੂ ਹੋਣ ਦਾ ਵਕਤ ਤਾਂ ਕਾਰਡਾਂ ਜਾਂ ਸੱਦੇ ਪੱਤਰਾਂ ਉੱਤੇ ਲਿਖਿਆ ਹੁੰਦਾ ਹੈ ਪਰ ਖ਼ਤਮ ਹੋਣ ਬਾਰੇ ਕਦੇ ਸੋਚਿਆ ਹੀ ਨਹੀਂ ਜਾਂਦਾ । ਜੇ ਸਮਾਂ ਨਸ਼ਟ ਕਰਨ ਦਾ ਮੁਕਾਬਲਾ ਹੋਵੇ ਤਾਂ ਸਾਡਾ ਦੇਸ਼ ਜ਼ਰੂਰ ਗੋਲਡ ਮੈਡਲ ਪ੍ਰਾਪਤ ਕਰੇਗਾ ।" 10

4. ਆਪਣੇ ਇਲਾਕੇ ਦੇ ਐਮ. ਐਲ. ਏ. ਨੂੰ ਪੱਤਰ ਲਿਖ ਕੇ ਆਪਣੇ ਇਲਾਕੇ ਦੀਆਂ ਸੜਕਾਂ ਦੀ ਖਸਤਾ ਹਾਲਤ ਦਸ ਕੇ ਜਲਦੀ ਤੋਂ ਜਲਦੀ ਸੜਕਾਂ ਦੀ ਮੁਰੰਮਤ ਕਰਵਾਉਣ ਲਈ ਕਹੋ ।

**ਜਾਂ**

ਤੁਹਾਡੇ ਇਲਾਕੇ ਵਿਚ ਸ਼ਰਾਬ ਦੀ ਦੁਕਾਨ ਖੁਲ੍ਹ ਗਈ ਹੈ, ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਭਰਿਆ ਪੱਤਰ ਲਿਖ ਕੇ ਦੁਕਾਨ ਬੰਦ ਕਰਵਾਉਣ ਲਈ ਕਹੋ । 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦਾ ਉੱਤਰ ਲਿਖੋ :

(*i*) ਵਾਕ ਕਿੰਨੀ ਪ੍ਰਕਾਰ ਦੇ ਹਨ ? ਮਿਸ਼ਰਤ-ਵਾਕ ਨੂੰ ਉਦਾਹਰਨਾਂ ਸਹਿਤ ਸਪੱਸ਼ਟ ਕਰੋ ।

(*ii*) ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਕਾਰਕਾਂ ਦੇ ਨਾਂ ਲਿਖ ਕੇ, ਕਿਸੇ **ਦੋ** ਕਾਰਕਾਂ ਨੂੰ ਉਦਾਹਰਣ ਸਹਿਤ ਸਪੱਸ਼ਟ ਕਰੋ ਅਤੇ ਕਾਰਕ ਚਿੰਨ੍ਹ ਵੀ ਦਸੋ ।

(*iii*) ਪੰਜਾਬੀ ਸ਼ਬਦ ਜੋੜਾਂ ਦੇ ਕੋਈ **ਪੰਜ** ਨਿਯਮ ਲਿਖੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(*i*) ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ 'ਕੱਤਕ ਕੂੰਜਾਂ' ਸਾਨੂੰ ਕੀ ਸੰਦੇਸ਼ ਦੇਂਦੀ ਹੈ ।

(*ii*) ਡਾ. ਹਰਿਭਜਨ ਸਿੰਘ ਦੀਆਂ ਉਨ੍ਹਾਂ ਕਵਿਤਾਵਾਂ ਦੇ ਨਾਂ ਲਿਖੋ ਜੋ ਤੁਹਾਡੀ ਪੁਸਤਕ ਵਿਚ ਹਨ ।

(*iii*) ਨਾਟਕ 'ਕਲ੍ਹ ਅੱਜ ਤੇ ਭਲਕ' ਦੀ ਅਰੰਭਲੀ ਸਥਿਤੀ ਨੂੰ ਸੰਖੇਪ ਰੂਪ ਵਿਚ ਲਿਖੋ ।

(*iv*) ਨਾਟਕ 'ਕਲ੍ਹ ਅੱਜ ਤੇ ਭਲਕ' ਵਿਚੋਂ ਭ੍ਰਿਸ਼ਟਾਚਾਰ ਨਾਲ ਸੰਬੰਧਤ ਕੋਈ **ਇਕ** ਘਟਨਾ ਲਿਖੋ ।

(*v*) ਭਾਈ ਵੀਰ ਸਿੰਘ ਦੀ ਕਵਿਤਾ 'ਕਾਵਿ ਰੰਗ ਸੁੰਦਰਤਾ' ਦਾ ਕੇਂਦਰੀ ਭਾਵ ਕੀ ਹੈ ? 5×3=15